PUNJABI

CANADIAN LANGUAGE BENCHMARKS PLACEMENT TEST

# ਆਪਣੀ ਕਨੇਡੀਅਨ ਭਾਸ਼ਾ ਬੈਂਚਮਾਰਕ ਪਲੇਸਮੈਂਟ ਪਰੀਖਿਆ ਨੂੰ ਸਮਝਣਾ (ਸੀ.ਐਲ.ਬੀ.ਪੀ.ਟੀ. - CLBPT) ਮੁਲਾਂਕਣ ਰਿਪੋਟ

## ਕਨੇਡੀਅਨ ਭਾਸ਼ਾ ਬੈਂਚਮਾਰਕ ਪਲੇਸਮੈਂਟ ਪਰੀਖਿਆ (CLBPT) ਕੀ ਹੈ?

ਤੁਸੀਂ ਕਿਨੀ ਚੰਗੀ ਤਰ੍ਹਾਂ ਅੰਗ੍ਰੇਜੀ ਦੀ ਵਰਤੋਂ ਕਰਦੇ ਹੋ ਇਸ ਦਾ ਪਤਾ ਕਰਨ ਲਈ CLBPT, ਕਨੇਡੀਅਨ ਭਾਸ਼ਾ ਬੈਂਚਮਾਰਕ ਪਰੀਖਿਆ (ਸੀ.ਐਲ.ਬੀ. – CLB) ਦਾ ਉਪਯੋਗ ਕਰਦੀ ਹੈ। ਤੁਹਾਡੀ CLBPT ਮੁੱਲਾਂਕਣ ਰਿਪੋਟ ਤੁਹਾਡੇ ਸੁਨਣ, ਬੋਲਣ, ਪੜ੍ਹਨ ਅਤੇ ਲਿਖਣ ਦੇ ਬਾਰੇ CLB ਸਤਰ ਪ੍ਰਦਾਨ ਕਰਦੀ ਹੈ।

## ਬੈਂਚਮਾਰਕਸ ਕੀ ਹਨ?

ਕਨੇਡੀਅਨ ਭਾਸ਼ਾ ਬੈਂਚਮਾਰਕ ਪਰੀਖਿਆ (CLB) ਇੱਕ 12-ਸਤਰ ਪ੍ਰਣਾਲੀ ਹੈ ਜਿਸ ਦਾ ਉਪਯੋਗ ਸੁਨਣ, ਬੋਲਣ ਅਤੇ ਲਿਖਣ ਦੀ ਯੋਗਤਾ ਦਾ ਵਰਨਣ ਕਰਨ ਲਈ ਹੁੰਦਾ ਹੈ। ਪਹਿਲਾਂ ਅੱਠ ਬੈਂਚਮਾਰਕਸ, CLB 1 ਤੋਂ 8 ਵਿੱਚ ਤੁਹਾਡੇ ਅੰਗ੍ਰੇਜੀ ਦੇ ਇਸਤਮਾਲ ਦੀ ਯੋਗਤਾ ਨੂੰ CLBPT ਨਾਪਦਾ ਹੈ।

**ਕਨੇਡੀਅਨ ਭਾਸ਼ਾ ਬੈਂਚਮਾਰਕ (CLB)**

| ਪੱਧਰ I ਬੁਨਿਆਦੀ ਪ੍ਰਵੀਨਤਾ | | | | ਪੱਧਰ II ਮੱਧ ਪ੍ਰਵੀਨਤਾ | | | | ਪੱਧਰ III ਉੱਨਤ ਪ੍ਰਵੀਨਤਾ | | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |

**CLBPT, CLB ਸਤਰ 1-8 ਨਾਪਦਾ ਹੈ**

## ਮੇਰੇ CLBPT ਦੇ ਨਤੀਜਿਆਂ ਦਾ ਕੀ ਮਤਲਬ ਹੈ?

ਹੇਠ ਦਿੱਤਾ ਚਾਰਟ ਤੁਹਾਡੇ CLBPT ਨਤੀਜਿਆਂ ਦਾ ਵਰਨਣ ਕਰਦਾ ਹੈ। ਆਪਣਾ ਬੈਂਚਮਾਰਕ ਲੱਭਣ ਲਈ ਖੱਬੇ ਕੌਲਮ ਵਿੱਚ ਦੇਖੋ, ਅਤੇ ਫਿਰ ਤੁਹਾਡੇ ਬੈਂਚਮਾਰਕ ਸਤਰ ਨੂੰ ਸਮਝਣ ਲਈ ਹੁਨਰ (ਸੁਨਣਾ, ਬੋਲਣਾ, ਪੜ੍ਹਨਾ, ਜਾਂ ਲਿਖਣਾ) ਹੇਠਾਂ ਦੇਖੋ। ਹਰੇਕ ਹੁਨਰ ਲਈ ਤੁਹਾਡੇ ਪ੍ਰਾਪਤ ਅੰਕ ਵੱਖ ਵੱਖ ਹੋ ਸਕਦੇ ਹਨ, ਇਹ ਆਮ ਗੱਲ ਹੈ। ਕੁੱਝ ਲੋਕ ਸੁਨਣ ਜਾਂ ਬੋਲਣ ਵਿੱਚ ਜ਼ਿਆਦਾ ਮਜ਼ਬੂਤ ਹੁੰਦੇ ਹਨ, ਅਤੇ ਕੁੱਝ ਲੋਕ ਪੜ੍ਹਨ ਜਾਂ ਲਿਖਣ ਵਿੱਚ।

| CLB | ਸੁਨਣਾ | CLB | ਬੋਲਣਾ | CLB | ਪੜ੍ਹਨਾ | CLB | ਲਿਖਣਾ |
|---|---|---|---|---|---|---|---|
| ਪੂਰਵ - CLB | ਤੁਸੀਂ ਅੰਗ੍ਰੇਜੀ ਨਹੀਂ ਸਮਝਦੇ ਹੋ। | ਪੂਰਵ - CLB | ਤੁਸੀਂ ਅੰਗ੍ਰੇਜੀ ਵਿੱਚ ਗੱਲਬਾਤ ਨਹੀਂ ਕਰਦੇ ਹੋ। | ਪੂਰਵ - CLB | ਤੁਸੀਂ ਅੰਗ੍ਰੇਜੀ ਨਹੀਂ ਪੜ੍ਹਦੇ ਹੋ ਅਤੇ ਅੰਗ੍ਰੇਜੀ ਅੱਖਰਾਂ ਤੋਂ ਅਨਜਾਣ ਹੋ ਸਕਦੇ ਹੋ।. | ਪੂਰਵ - CLB | ਤੁਸੀਂ ਅੰਗ੍ਰੇਜੀ ਵਿੱਚ ਨਹੀਂ ਲਿਖਦੇ ਹੋ, ਪਰ ਤੁਸੀਂ ਸ਼ਬਦਾਂ ਜਾਂ ਅੰਕਾਂ ਦੀ ਨਕਲ ਕਰ ਸਕਦੇ ਹੋ। |

**ਪੱਧਰ I - ਬੁਨਿਆਦੀ ਪ੍ਰਵੀਨਤਾ**

| CLB | ਸੁਨਣਾ | CLB | ਬੋਲਣਾ | CLB | ਪੜ੍ਹਨਾ | CLB | ਲਿਖਣਾ |
|---|---|---|---|---|---|---|---|
| 1 | ਤੁਸੀਂ ਕੁੱਝ ਅਸਾਨ ਜਾਣੇ-ਪਛਾਣੇ ਸ਼ਬਦ ਸਮਝਦੇ ਹੋ। ਜਦੋਂ ਲੋਕ ਤੁਹਾਡਾ ਸਤਿਕਾਰ ਕਰਦੇ ਹਨ ਉਦੋਂ ਤੁਸੀਂ ਵੀ ਉਹਨਾਂ ਦਾ ਸਤਿਕਾਰ ਕਰਦੇ ਹੋ। ਲੋਕ ਕੀ ਕਹਿੰਦੇ ਹਨ ਉਸਨੂੰ ਸਮਝਣ ਲਈ ਤੁਹਾਨੂੰ ਕਾਫੀ ਮਦਦ ਦੀ ਲੋੜ ਪੈਂਦੀ ਹੈ। | 1 | ਤੁਸੀਂ ਲੋਕਾਂ ਦਾ ਸਤਿਕਾਰ ਕਰਦੇ ਹੋ ਅਤੇ ਆਪਣੇ ਬਾਰੇ ਅਸਾਨ ਜਾਣਕਾਰੀ ਦਿੰਦੇ ਹੋ। ਤੁਸੀਂ ਸਿਰਫ ਥੋੜ੍ਹੇ ਸ਼ਬਦਾ ਦੀ ਵਰਤੋਂ ਕਰਦੇ ਹੋ। ਬੋਲਣ ਵੇਲੇ ਤੁਹਾਨੂੰ ਮਦਦ ਦੀ ਲੋੜ ਪੈਂਦੀ ਹੈ। | 1 | ਤੁਸੀਂ ਚਿਤਰਾਂ ਦੀ ਸਹਾਇਤਾ ਨਾਲ ਅੱਖਰ ਅਤੇ ਆਮ ਅਸਾਨ ਸ਼ਬਦ ਪੜ੍ਹਦੇ ਹੋ। | 1 | ਤੁਸੀਂ ਸ਼ਬਦਾਂ ਅਤੇ ਅੰਕਾਂ ਦੀ ਨਕਲ ਕਰਦੇ ਹੋ। ਤੁਸੀਨ ਕੁੱਝ ਸ਼ਬਦ ਲਿਖ ਸਕਦੇ ਹੋ। |
| 2 | ਤੁਸੀਂ ਅਸਾਨ ਅਤੇ ਜਾਣੇ-ਪਛਾਣੇ ਸ਼ਬਦ, ਵਾਕ-ਅੰਸ਼ ਅਤੇ ਵਾਕ ਸਮਝਦੇ ਹੋ। ਤੁਸੀਂ ਆਪਣੇ ਬਾਰੇ ਬੁਨਿਆਦੀ ਸਵਾਲ ਸਮਝਦੇ ਹੋ। ਲੋਕ ਕੀ ਕਹਿੰਦੇ ਹਨ ਉਸਨੂੰ ਸਮਝਣ ਲਈ ਤੁਹਾਨੂੰ ਮਦਦ ਦੀ ਲੋੜ ਪੈਂਦੀ ਹੈ। | 2 | ਤੁਸੀਂ ਲੋਕਾਂ ਦਾ ਸਤਿਕਾਰ ਕਰਦੇ ਹੋ ਅਤੇ ਆਪਣੇ ਬਾਰੇ ਕੁਝ ਅਸਾਨ ਜਾਣਕਾਰੀ ਦਿੰਦੇ ਹੋ। ਤੁਸੀਂ ਛੋਟੇ ਛੋਟੇ ਵਾਕਾਂ ਵਿੱਚ ਬੋਲਦੇ ਹੋ। ਆਮ ਕਰਕੇ ਤੁਹਾਡੇ ਕੋਲ ਜ਼ਰੂਰੀ ਸ਼ਬਦ ਨਹੀਂ ਹੁੰਦੇ ਹਨ, ਇਸ ਲਈ ਜਦੋਂ ਤੁਸੀਂ ਬੋਲਦੇ ਹੋ ਤਾਂ ਤੁਹਾਨੂੰ ਥੋੜ੍ਹੀ ਮਦਦ ਦੀ ਲੋੜ ਪੈਂਦੀ ਹੈ। | 2 | ਤੁਸੀਂ ਰੋਜ਼ਾਨਾ ਦੀ ਜ਼ਿੰਦਗੀ ਬਾਰੇ ਅੱਖਰ, ਅਸਾਨ ਸ਼ਬਦ ਅਤੇ ਬਹੁਤ ਅਸਾਨ ਵਾਕ ਪੜ੍ਹਦੇ ਹੋ। ਤੁਸੀਂ ਆਪਣੀ ਮਦਦ ਲਈ ਚਿਤਰਾਂ ਦਾ ਇਸਤਮਾਲ ਕਰਦੇ ਹੋ। | 2 | ਤੁਸੀਂ ਸ਼ਬਦਾਂ ਅਤੇ ਅੰਕਾਂ ਦੀ ਸਹੀ ਨਕਲ ਕਰਦੇ ਹੋ। ਤੁਸੀਂ ਆਪਣੇ ਬਾਰੇ ਥੋੜ੍ਹੇ ਛੋਟੇ ਅਸਾਨ ਵਾਕ ਲਿਖ ਸਕਦੇ ਹੋ। |
| 3 | ਤੁਸੀਂ ਰੋਜ਼ਾਨਾ ਦੇ ਵਿਸ਼ਿਆ ਬਾਰੇ ਛੋਟੇ ਵਾਕ ਸਮਝਦੇ ਹੋ। ਤੁਸੀਂ ਆਪਣੇ ਬਾਰੇ ਅਸਾਨ ਸਵਾਲ ਅਤੇ ਜਾਣੇ-ਪਛਾਣੇ ਵਿਸ਼ਿਆਂ ਬਾਰੇ ਕੁੱਝ ਅਸਾਨ ਸਵਾਲ ਸਮਝਦੇ ਹੋ। ਲੋਕ ਕੀ ਕਹਿੰਦੇ ਹਨ ਉਸਨੂੰ ਸਮਝਣ ਲਈ ਤੁਹਾਨੂੰ ਕਦੀ ਕਦੀ ਮਦਦ ਦੀ ਲੋੜ ਪੈਂਦੀ ਹੈ। | 3 | ਤੁਸੀਂ ਜਾਣੇ-ਪਛਾਣੇ ਰੋਜ਼ਾਨਾ ਦੇ ਵਿਸ਼ਿਆਂ ਦੇ ਬਾਰੇ ਕੁੱਝ ਅਸਾਨ ਵਾਕ ਬੋਲਦੇ ਹੋ। ਤੁਸੀਂ ਆਪਣੇ ਬਾਰੇ ਅਸਾਨ ਸਵਾਲਾਂ ਦਾ ਜਵਾਬ ਇੱਕ ਇੱਕ ਸ਼ਬਦ ਜਾਂ ਛੋਟੇ ਵਾਕਾਂ ਵਿੱਚ ਦਿੰਦੇ ਹੋ। ਜਦੋਂ ਤੁਸੀਂ ਬੋਲਦੇ ਹੋ ਉਦੋਂ ਤੁਹਾਨੂੰ ਕਦੇ ਕਦੇ ਮਦਦ ਦੀ ਲੋੜ ਪੈਂਦੀ ਹੈ। | 3 | ਤੁਸੀਂ ਰੋਜ਼ਾਨਾ ਦੇ ਅਸਾਨ ਵਾਕ ਪੜ੍ਹਦੇ ਅਤੇ ਸਮਝਦੇ ਹੋ। ਤੁਸੀਂ ਰੋਜ਼ਾਨਾ ਦੀਆਂ ਘਟਨਾਵਾਂ ਬਾਰੇ ਅਸਾਨ, ਛੋਟੀਆਂ ਕਹਾਣੀਆਂ ਤੋਂ ਕੁੱਝ ਬੁਨਿਆਦੀ ਜਾਣਕਾਰੀ ਵੀ ਸਮਝਦੇ ਹੋ। ਤੁਸੀਂ ਆਪਣੀ ਮਦਦ ਲਈ ਚਿਤਰਾਂ ਦਾ ਇਸਤਮਾਲ ਕਰਦੇ ਹੋ। | 3 | ਤੁਸੀਂ ਆਪਣੇ ਬਾਰੇ ਅਤੇ ਆਪਣੀ ਚੰਗੀ ਤਰ੍ਹਾਂ ਜਾਣ ਪਛਾਣ ਵਾਲੀਆਂ ਚੀਜ਼ਾਂ ਬਾਰੇ ਛੋਟੇ, ਅਸਾਨ ਵਾਕ ਲਿਖ ਸਕਦੇ ਹੋ, ਜਿਵੇਂ ਕਿ, ਤੁਹਾਡਾ ਪਰਿਵਾਰ ਜਾਂ ਤੁਹਾਡਾ ਜਾਣਿਆ-ਪਛਾਣਿਆ ਸਥਾਨ। |
| 4 | ਤੁਸੀਂ ਜਾਣੇ-ਪਛਾਣੇ ਰੋਜ਼ਾਨਾ ਦੇ ਵਿਸ਼ਿਆਂ ਬਾਰੇ ਅਸਾਨ ਸਵਾਲ ਅਤੇ ਜਾਣਕਾਰੀ ਸਮਝਦੇ ਹੋ। ਤੁਸੀਂ ਸਮਝਦੇ ਹੋ ਜਦੋਂ ਲੋਕ ਆਪਣੀ ਪਸੰਦ, ਨਾ-ਪਸੰਦ ਬਾਰੇ ਗੱਲ ਕਰਦੇ ਹਨ। ਲੋਕ ਕੀ ਕਹਿੰਦੇ ਹਨ ਉਸਨੂੰ ਸਮਝਣ ਲਈ ਤੁਹਾਨੂੰ ਸਿਰਫ ਥੋੜ੍ਹੀ ਮਦਦ ਦੀ ਲੋੜ ਪੈਂਦੀ ਹੈ। | 4 | ਤੁਸੀਂ ਰੋਜ਼ਾਨਾ ਦੀ ਗੱਲਬਾਤ ਵਿੱਚ ਭਾਗ ਲੈਂਦੇ ਹੋ ਅਤੇ ਆਪਣੇ ਵਿਅਕਤੀਗਤ ਅਨੁਭਵਾਂ ਦਾ ਵਰਨਣ ਕਰਦੇ ਹੋ। ਤੁਸੀਂ ਛੋਟੇ ਵਾਕਾਂ ਦੀ ਵਰਤੋਂ ਕਰਦੇ ਹੋ। ਤੁਸੀਂ ਆਪਣੀ ਚੋਣ, ਪਸੰਦ, ਨਾ-ਪਸੰਦ ਬਾਰੇ ਗੱਲ ਕਰਦੇ ਹੋ। ਜਦੋਂ ਤੁਸੀਂ ਬੋਲਦੇ ਹੋ ਉਦੋਂ ਤੁਹਾਨੂੰ ਜ਼ਿਆਦਾ ਮਦਦ ਦੀ ਲੋੜ ਨਹੀਂ ਪੈਂਦੀ। | 4 | ਤੁਸੀਂ ਕਈ ਜਾਣੇ-ਪਛਾਣੇ ਸ਼ਬਦ ਅਤੇ ਵਾਕ ਪੜ੍ਹਦੇ ਹੋ। ਤੁਸੀਂ ਜਾਣੇ-ਪਛਾਣੇ ਵਿਸ਼ਿਆਂ ਬਾਰੇ ਅਸਾਨ ਕਹਾਣੀਆਂ ਸਮਝਦੇ ਹੋ। ਘੱਟ ਜਾਣੇ-ਪਛਾਣੇ ਵਿਸ਼ਿਆਂ ਦੇ ਕੁੱਝ ਲੰਬੇ ਵਰਨਣ ਤੋਂ ਵੀ ਤੁਸੀਂ ਜਾਣਕਾਰੀ ਹਾਸਲ ਕਰ ਸਕਦੇ ਹੋ। | 4 | ਤੁਸੀਂ ਵਿਅਕਤੀਗਤ ਅਨੁਭਵਾਂ ਅਤੇ ਜਾਣੇ-ਪਛਾਣੇ ਵਿਸ਼ਿਆਂ ਦੇ ਬਾਰੇ ਪੈਰਾਗਰਾਫ ਲਿਖਣ ਲਈ ਛੋਟੇ, ਅਸਾਨ ਸ਼ਬਦਾਂ ਦਾ ਇਸਤਮਾਲ ਕਰਦੇ ਹੋ। |

ਵਧੇਰੇ ਜਾਣਕਾਰੀ ਲਈ ਦੇਖੋ : www.language.ca

**PUNJABI**

# ਆਪਣੀ ਕਨੇਡੀਅਨ ਭਾਸ਼ਾ ਬੈਂਚਮਾਰਕ ਪਲੇਸਮੈਂਟ ਪਰੀਖਿਆ ਨੂੰ ਸਮਝਣਾ (ਸੀ.ਐਲ.ਬੀ.ਪੀ.ਟੀ. - CLBPT) ਮੁਲਾਂਕਣ ਰਿਪੋਟ

## ਪੱਧਰ II - ਮੱਧ ਪ੍ਰਵੀਨਤਾ

| CLB | ਸੁਣਨਾ | CLB | ਬੋਲਣਾ | CLB | ਪੜ੍ਹਨਾ | CLB | ਲਿਖਣਾ |
|---|---|---|---|---|---|---|---|
| 5 | ਤੁਸੀਂ ਜਾਣੇ-ਪਛਾਣੇ ਵਿਸ਼ਿਆਂ ਬਾਰੇ ਸਮਾਨ ਗਤੀ ਤੇ ਬੋਲੇ ਜਾਣ ਵਾਲੇ ਕਈ ਸ਼ਬਦ ਅਤੇ ਵਾਕ-ਅੰਸ਼ ਸਮਝਦੇ ਹੋ। ਜਦੋਂ ਲੋਕ ਜਾਣੇ-ਪਛਾਣੇ ਵਿਸ਼ਿਆ ਬਾਰੇ ਗੱਲ ਕਰਦੇ ਹਨ ਤਾਂ ਤੁਸੀਂ ਲੁਕਿਆ ਹੋਇਆ ਭਾਵ ਵੀ ਸਮਝ ਲੈਂਦੇ ਹੋ। ਜਦੋਂ ਕੋਈ ਤੁਹਾਡੇ ਨਾਲ ਗੱਲਬਾਤ ਕਰਦਾ ਹੈ ਉਦੋਂ ਉਸਦੀ ਗੱਲ ਸਮਝਣ ਲਈ ਤੁਹਾਨੂੰ ਆਮ ਕਰਕੇ ਮਦਦ ਦੀ ਲੋੜ ਨਹੀਂ ਪੈਂਦੀ, ਪਰ ਕਈ ਵਾਰ ਤੁਸੀਂ ਉਹਨਾਂ ਦੀ ਗੱਲ ਨੂੰ ਗਲਤ ਸਮਝ ਲੈਂਦੇ ਹੋ। | 5 | ਤੁਸੀਂ ਆਪਣੇ ਵਿਅਕਤੀਗਤ ਅਨੁਭਵਾਂ ਬਾਰੇ ਗੱਲ ਕਰਦੇ ਹੋ ਅਤੇ ਸਵਤੰਤਰ ਰੂਪ ਤੋਂ ਆਪਣੀ ਪਸੰਦ ਅਤੇ ਨਾ-ਪਸੰਦ ਦੋਵਾਂ ਦਾ ਵਰਨਣ ਕਰਦੇ ਹੋ। ਤੁਸੀਂ ਲੰਬੇ ਵਾਕ ਇਸਤਮਾਲ ਕਰਨਾ ਸ਼ੁਰੂ ਕਰ ਰਹੇ ਹੋ ਅਤੇ ਸਪਸ਼ਟ ਸੁਝਾਅ ਅਤੇ ਤੁਲਨਾ ਕਰਨ ਲੱਗੇ ਹੋ। ਤੁਸੀਂ ਕਈ ਆਮ ਸ਼ਬਦ ਜਾਣਦੇ ਹੋ ਅਤੇ ਕੁੱਝ ਮੁਹਾਵਰੇ ਵੀ। ਕਈ ਵਾਰ ਤੁਸੀਂ ਜਕਦੇ ਹੋ ਜਾਂ ਰੁਕਦੇ ਹੋ। ਜਦੋਂ ਤੁਸੀਂ ਬੋਲਦੇ ਹੋ ਉਦੋਂ ਲੋਕਾਂ ਨੂੰ ਕਈ ਵਾਰ ਤੁਹਾਨੂੰ ਸਮਝਣ ਵਿੱਚ ਪਰੇਸ਼ਾਨੀ ਹੁੰਦੀ ਹੈ। | 5 | ਤੁਸੀਂ ਕਈ ਜਾਣੇ-ਪਛਾਣੇ ਅਤੇ ਅਨਜਾਣ ਸ਼ਬਦ ਸਮਝਦੇ ਹੋ। ਤੁਹਾਨੂੰ ਮੁੱਖ ਗੱਲ, ਕੁੱਝ ਵਿਸਤਾਰ ਅਤੇ ਕੁੱਝ ਛੁਪੇ ਹੋਏ ਅਰਥ ਸਮਝ ਵਿੱਚ ਆਉਂਦੇ ਹਨ ਅਤੇ ਕੁੱਝ ਜਾਣੇ-ਪਛਾਣੇ ਵਿਸ਼ਿਆਂ ਦੇ ਵਿਵਰਣ ਵੀ। ਤੁਸੀਂ ਲੰਬੇ, ਜ਼ਿਆਦਾ ਔਖੇ ਪਾਠ ਤੋਂ ਜਾਣਕਾਰੀ ਹਾਸਲ ਕਰਨਾ ਸ਼ੁਰੂ ਕਰ ਰਹੇ ਹੋ। | 5 | ਤੁਸੀਂ ਕਿਸੇ ਘਟਨਾ ਦਾ ਪੈਰਾਗਰਾਫ ਵਿੱਚ ਸਪੱਸ਼ਟ, ਮੁੱਖ ਵਿਚਾਰ ਅਤੇ ਕੁੱਝ ਸਮਰਥਕ ਵਿਸਤਾਰ ਨਾਲ ਵਿਵਰਣ ਦਿੰਦੇ ਹੋ। ਤੁਸੀਂ ਆਪਣੇ ਵਿਚਾਰਾਂ ਦਾ ਵਿਵਰਣ ਵੀ ਦਿੰਦੇ ਹੋ ਜਾਂ ਆਪਣੀ ਸਲਾਹ ਦਿੰਦੇ ਹੋ। ਭਾਂਵੇਂਕਿ ਤੁਸੀਂ ਕੁੱਝ ਗਲਤੀਆਂ ਕਰਦੇ ਹੋ, ਤੁਹਾਡੇ ਵਾਕ ਅਸਾਨ ਵਿਅਕਰਣ, ਸਪੈਲਿੰਗ, ਵਿਸ਼ਰਾਮ ਅਤੇ ਸ਼ਬਦਾਵਲੀ’ ਤੇ ਵਧੀਆ ਨਿਯੰਤਰਣ ਦਿਖਾਉਂਦੇ ਹਨ। |
| 6 | ਤੁਸੀਂ ਕਈ ਆਮ ਸ਼ਬਦ ਸਮਝ ਲੈਂਦੇ ਹੋ, ਕੁੱਝ ਘੱਟ ਜਾਣੇ-ਪਛਾਣੇ ਅਤੇ ਕੁੱਝ ਮੁਹਾਵਰੇ ਵੀ। ਜਦੋਂ ਕੋਈ ਜਾਣੇ-ਪਛਾਣੇ ਵਿਸ਼ੇ ‘ਤੇ ਗੱਲ ਕਰਦਾ ਹੈ ਉਦੋਂ ਤੁਸੀਂ ਜ਼ਰੂਰੀ ਵਿਵਰਣ ਅਤੇ ਲੁਕਿਆ ਹੋਇਆ ਅਰਥ ਸਮਝਦੇ ਹੋ। ਤੁਸੀਂ ਬੋਲਣ ਵਾਲੇ ਦੇ ਨਜ਼ੱਰੀਏ ਅਤੇ ਖਿਆਲ ਬਾਰੇ ਵੀ ਕੁੱਝ ਗੱਲਾਂ ਪਛਾਣ ਲੈਂਦੇ ਹੋ। ਜਦੋਂ ਕੋਈ ਤੁਹਾਡੇ ਨਾਲ ਗੱਲਬਾਤ ਕਰਦਾ ਹੈ ਉਦੋਂ ਤੁਹਾਨੂੰ ਉਸਨੂੰ ਸਮਝਣ ਵਿੱਚ ਕੋਈ ਪਰੇਸ਼ਾਨੀ ਨਹੀਂ ਹੁੰਦੀ। | 6 | ਤੁਸੀਂ ਤੱਥਾਂ ਅਤੇ ਵਿਚਾਰਾਂ ਬਾਰੇ ਕੁੱਝ ਵਿਸਤਾਰ ਵਿੱਚ ਬੋਲਦੇ ਹੋ। ਤੁਸੀਂ ਵਿਆਕਰਣ ਦੇ ਅਲੱਗ ਅਲੱਗ ਢਾਂਚੇ ਇਸਤਮਾਲ ਕਰਦੇ ਹੋ ਅਤੇ ਆਪਣੇ ਵਿਚਾਰਾਂ ਨੂੰ ਜ਼ਿਆਦਾ ਲੰਬੇ ਵਾਕਾਂ ਵਿੱਚ ਜੋੜਦੇ ਹੋ। ਤੁਹਾਡੀ ਸ਼ਬਦਾਵਲੀ ਵੱਧ ਰਹੀ ਹੈ ਅਤੇ ਤੁਸੀਂ ਕੁੱਝ ਮੁਹਾਵਰੇ ਇਸਤਮਾਲ ਕਰਦੇ ਹੋ। ਭਾਂਵੇਂਕਿ ਤੁਸੀਂ ਗਲਤੀਆਂ ਕਰਦੇ ਹੋ, ਲੋਕਾਂ ਨੂੰ ਆਮ ਕਰਕੇ ਤੁਹਾਨੂੰ ਸਮਝਣ ਵਿੱਚ ਪਰੇਸ਼ਾਨੀ ਨਹੀਂ ਹੁੰਦੀ। ਤੁਸੀਂ ਕਾਫੀ ਹੱਦ ਤੱਕ ਤੜਾਕੇ ਨਾਲ ਬੋਲਦੇ ਹੋ। | 6 | ਤੁਸੀਂ ਸਰਲ ਅੰਗ੍ਰੇਜ਼ੀ ਵਿੱਚ ਲਿਖੇ ਛੋਟੇ ਪਾਠ, ਜੋ ਥੋੜ੍ਹੇ ਔਖੇ ਹੋਣ, ਨੂੰ ਸਮਝਦੇ ਹੋ। ਤੁਹਾਨੂੰ ਮੁੱਖ ਮੁੱਦਾ, ਮੁੱਖ ਵਿਸਤਾਰ ਅਤੇ ਕੁੱਝ ਛੁਪੇ ਹੋਏ ਅਰਥ ਸਮਝ ਵਿੱਚ ਆਉਂਦੇ ਹਨ। ਤੁਸੀਂ ਲੇਖਕ ਦਾ ਉਦੇਸ਼, ਇਰਾਦਾ ਅਤੇ ਰਵੱਈਆ ਸਮਝਣਾ ਸ਼ੁਰੂ ਕਰ ਰਹੇ ਹੋ। ਤੁਸੀਂ ਜ਼ਿਆਦਾ ਲੰਬੇ ਅਤੇ ਜ਼ਿਆਦਾ ਔਖੇ ਪਾਠ ਤੋਂ ਕੁੱਝ ਮੁੱਦੇ ਸਮਝਦੇ ਹੋ। | 6 | ਤੁਸੀਂ ਘਟਨਾਵਾਂ, ਲੋਕ, ਸਥਾਨ, ਚੀਜ਼ਾਂ ਅਤੇ ਰੋਜ਼ ਦੀਆਂ ਗੱਲਾਂ ਦਾ ਪੈਰਾਗਰਾਫ ਦੇ ਰੂਪ ਵਿੱਚ ਵਿਵਰਣ ਦਿੰਦੇ ਹੋ ਜਾਂ ਤੁਲਨਾ ਕਰਦੇ ਹੋ। ਤੁਸੀਂ ਵਿਚਾਰ ਜਾਂ ਸਲਾਹ ਵੀ ਸਪੱਸ਼ਟ ਰੂਪ ਨਾਲ ਪ੍ਰਗਟ ਕਰਦੇ ਹੋ ਅਤੇ ਉਸਦੇ ਸਮੱਰਥਨ ਵਿੱਚ ਕੁੱਝ ਵਿਸਤਾਰ ਵਿੱਚ ਵਿਵਰਣ ਵੀ ਦਿੰਦੇ ਹੋ। ਤੁਹਾਡੇ ਅਸਾਨ ਵਾਕਾਂ ਵਿੱਚ ਸਪੈਲਿੰਗ, ਵਿਰਾਮ, ਸ਼ਬਦਾਵਲੀ ਦੀਆਂ ਸਿਰਫ ਥੋੜੀਆਂ ਗਲਤੀਆਂ ਹਨ। ਤੁਸੀਂ ਉੱਨਤ ਵਿਆਕਰਣ ਅਤੇ ਸ਼ਬਦਾਵਲੀ ਇਸਤਮਾਲ ਕਰਨਾ ਸ਼ੁਰੂ ਕਰ ਰਹੇ ਹੋ। |
| 7 | ਤੁਸੀਂ ਵਿਅਕਤੀਗਤ ਅਨੁਭਵ, ਜਾਣੇ-ਪਛਾਣੇ ਵਿਸ਼ੇ ਅਤੇ ਸਧਾਰਨ ਗਿਆਨ ਬਾਰੇ ਜ਼ਿਆਦਾ ਔਖੇ ਛੁਪੇ ਹੋਏ ਸਵਾਲ ਸਮਝਦੇ ਹੋ। ਜਦੋਂ ਕੋਈ ਜ਼ਿਆਦਾ ਕਾਲਪਨਿਕ ਵਿਚਾਰਾਂ ਬਾਰੇ ਗੱਲਬਾਤ ਕਰਦਾ ਹੈ ਉਦੋ ਤੁਸੀਂ ਮੁੱਖ ਮੁੱਦਿਆਂ, ਜ਼ਰੂਰੀ ਵਿਵਰਣ, ਅਤੇ ਛੁਪੇ ਹੋਏ ਅਰਥਾਂ ਨੂੰ ਵੀ ਸਮਝ ਲੈਂਦੇ ਹੋ। ਤੁਹਾਡਾ ਸ਼ਬਦਕੋਸ਼ ਵੱਧ ਰਿਹਾ ਹੈ ਅਤੇ ਤੁਸ਼ੀਂ ਜ਼ਿਆਦਾ ਮੁਹਾਵਰੇ ਜਾਣਦੇ ਹੋ। ਜਾਣ-ਪਛਾਣ ਦੇ ਵਿਸ਼ਿਆਂ ਬਾਰੇ ਗੱਲਬਾਤ ਸਮਝਣ ਵਿਚ ਤੁਹਾਨੂੰ ਕੋਈ ਪਰੇਸ਼ਾਨੀ ਨਹੀਂ ਹੈ। | 7 | ਤੁਸੀਂ ਕਈ ਅਲੱਗ-ਅਲੱਗ ਵਿਸ਼ਿਆਂ ‘ਤੇ ਅਰਾਮ ਨਾਲ ਬੋਲਦੇ ਹੋ। ਤੁਸੀਂ ਲੋਕ, ਸਥਾਨ ਅਤੇ ਹਲਾਤ ਦਾ ਵਰਨਣ ਕਰਦੇ ਹੋ ਅਤੇ ਨਾਲ ਨਾਲ ਕਿਸੇ ਵਿਸ਼ੇ ਬਾਰੇ ਆਪਣੀ ਸਲਾਹ, ਇਹਸਾਸ ਅਤੇ ਵਿਰੋਧ ਵਿਅਕਤ ਕਰਦੇ ਹੋ। ਤੁਸੀਂ ਵਿਸਤਾਰ ਵਿੱਚ ਤੁਲਨਾ ਕਰਦੇ ਹੋ। ਤੁਸੀਂ ਉੱਨਤ ਸ਼ਬਦਾਵਲੀ ਦਾ ਉਪਯੋਗ ਕਰਨਾ ਸ਼ੁਰੂ ਕਰ ਰਹੇ ਹੋ, ਜਿਸ ਵਿੱਚ ਕਈ ਮੁਹਾਵਰੇ ਸ਼ਾਮਲ ਹਨ। ਤੁਸੀਂ ਵਿਆਕਰਣ ਦੀਆਂ ਕੁੱਝ ਗਲਤੀਆਂ ਕਰਦੇ ਹੋ ਪਰ ਲੋਕ ਤੁਹਾਨੂੰ ਅਸਾਨੀ ਨਾਲ ਸਮਝ ਸਕਦੇ ਹਨ। ਤੁਸੀਂ ਕਾਫੀ ਹੱਦ ਤੱਕ ਤੜਾਕੇ ਨਾਲ ਬੋਲਦੇ ਹੋ। | 7 | ਤੁਸੀਂ ਸਰਲ ਅੰਗ੍ਰੇਜ਼ੀ ਵਿੱਚ ਲਿਖੇ ਪਾਠ ਜੋ ਲੰਬੇ ਅਤੇ ਕੁੱਝ ਔਖੇ ਹਨ, ਨੂੰ ਸਮਝਦੇ ਹੋ। ਤੁਸੀਂ ਪਾਠ ਦੇ ਅਲੱਗ-ਅਲੱਗ ਵਿਚਾਰਾਂ ਨੂੰ ਲੱਭਦੇ ਅਤੇ ਜੋੜ੍ਹਦੇ ਹੋ, ਜਾਂ ਜਾਣਕਾਰੀ ਦੀ ਤੁਲਨਾ ਕਰਦੇ ਹੋ ਜਾਂ ਭੇਦ ਦਿਖਾਉਂਦੇ ਹੋ। ਤੁਸੀਂ ਤੱਥਾਂ, ਸਲਾਹ, ਅਤੇ ਇਹਸਾਸ ਨਾਲ ਜੁੜੇ ਪਾਠ ਸਮਝਦੇ ਹੋ। ਤੁਸੀਂ ਜ਼ਿਆਦਾ ਲੰਬੇ ਅਤੇ ਜ਼ਿਆਦਾ ਔਖੇ ਪਾਠ ਤੋਂ ਕੁੱਝ ਮੁੱਖ ਮੁੱਦੇ ਸਮਝਦੇ ਹੋ। | 7 | ਤੁਸੀਂ ਜਾਣੇ-ਪਛਾਣੇ ਠੋਸ ਵਿਸ਼ਿਆਂ ਬਾਰੇ ਛੋਟੇ ਪੈਰਾਗਰਾਫ ਲਿਖਦੇ ਹੋ ਅਤੇ ਉਸ ਵਿੱਚ ਸਪੱਸ਼ਟ, ਮੁੱਖ ਮੁੱਦੇ ਅਤੇ ਕੁੱਝ ਸਮੱਰਥਕ ਵਿਸਤਾਰ ਵਿੱਚ ਵਿਵਰਣ ਸ਼ਾਮਲ ਕਰਦੇ ਹੋ। ਤੁਸੀਂ ਉਚਿਤ ਭੂਮਿਕਾ ਅਤੇ ਸਮਾਪਤੀ ਦੇ ਨਾਲ ਛੋਟਾ ਲੇਖ ਲਿੱਖ ਸਕਦੇ ਹੋ। ਵਿਆਕਰਣ, ਸਪੈਲਿੰਗ ਅਤੇ ਵਾਕ ਬਣਾਉ ਵਿੱਚ ਤੁਹਾਡਾ ਕਾਫੀ ਵਧੀਆ ਨਿਯੰਤਰਣ ਹੈ। ਤੁਸੀਂ ਉੱਨਤ ਸ਼ਬਦਾਵਲੀ ਅਤੇ ਵਿਆਕਰਣ ਦੀ ਵਰਤੋਂ ਕਰਦੇ ਹੋ, ਪਰ ਕਦੇ ਕਦੇ ਤੁਹਾਡੇ ਵਾਕ ਸਧਾਰਨ ਨਾ ਹੋ ਕੇ ਅਜੀਬ ਲਗਦੇ ਹਨ। |
| 8 | ਤੁਸੀਂ ਵਿਅਕਤੀਗਤ ਅਨੁਭਵ, ਜਾਣੇ-ਪਛਾਣੇ ਵਿਸ਼ਿਆਂ ਅਤੇ ਸਧਾਰਨ ਗਿਆਨ ਬਾਰੇ ਕਈ ਔਖੇ, ਲੁੱਕੇ ਹੋਏ ਸਵਾਲ ਸਮਝਦੇ ਹੋ। ਜਦੋਂ ਲੋਕ ਜਾਣੇ-ਪਛਾਣੇ ਵਿਸ਼ਿਆਂ ਅਤੇ ਕਾਲਪਨਿਕ ਅਤੇ ਔਖੇ ਵਿਚਾਰਾਂ ਬਾਰੇ ਗੱਲ-ਬਾਤ ਕਰਦੇ ਹਨ ਉਦੋਂ ਤੁਸੀਂ ਮੁੱਖ ਮੁੱਦੇ ਵਿਵਰਣ, ਉਦੇਸ਼ ਅਤੇ ਰਵੱਈਆ ਵੀ ਸਮਝਦੇ ਹੋ। ਕਈ ਕਈ ਮੁਹਾਵਰੇ ਅਤੇ ਹਾਵ-ਭਾਵ ਸਮਝਦੇ ਹੋ ਅਤੇ ਸਧਾਰਨ ਰੁਚੀ ਦੀ ਗੱਲਬਾਤ ਅਤੇ ਵਿਸਤਾਰ ਵਿੱਚ ਕਹਾਣੀਆਂ ਵੀ ਸਮਝਦੇ ਹੋ। | 8 | ਤੁਸੀਂ ਜਾਣੇ-ਪਛਾਣੇ ਅਤੇ ਘੱਟ ਜਾਣੇ-ਪਛਾਣੇ ਵਿਸ਼ਿਆਂ ਬਾਰੇ ਅਰਾਮ ਨਾਲ ਗੱਲ ਕਰਦੇ ਹੋ। ਤੁਸੀਂ ਵਿਵਰਣ ਦਿੰਦੇ ਹੋ, ਸਲਾਹ ਦਿੰਦੇ ਹੋ ਅਤੇ ਸਫਾਈ ਦਿੰਦੇ ਹੋ। ਤੁਸੀਂ ਸਮੱਸਿਆ ਦਾ ਹੱਲ ਸੁਝਾਉਣ ਲਈ ਜਾਣਕਾਰੀ ਦਾ ਵਿਸ਼ਲੇਸ਼ਣ ਅਤੇ ਤੁਲਨਾ ਕਰਦੇ ਹੋ। ਤੁਸੀਂ ਉੱਨਤ ਸ਼ਬਦਾਵਲੀ ਦਾ ਉਪਯੋਗ ਕਰਦੇ ਹੋ ਜਿਸ ਵਿੱਚ ਮੁਹਾਵਰੇ ਸ਼ਾਮਲ ਹਨ। ਤੁਹਾਡਾ ਸੰਦੇਸ਼ ਸਪਸ਼ਟ ਹੈ ਅਤੇ ਕਦੀ-ਕਦਾਈਂ ਹੀ ਉਸ ਵਿੱਚ ਗਲਤੀਆਂ ਕਰਕੇ ਰੁਕਾਵਟ ਆਉਂਦੀ ਹੈ। ਤੁਹਾਨੂੰ ਸਮਝਣ ਵਿੱਚ ਲੋਕਾਂ ਨੂੰ ਕਦੀ-ਕਦਾਈਂ ਹੀ ਔਖਾ ਲੱਗਦਾ ਹੈ। ਤੁਸੀਂ ਕਾਫੀ ਹੱਦ ਤੱਕ ਤੜਾਕੇ ਨਾਲ ਬੋਲਦੇ ਹੋ। | 8 | ਤੁਸੀਂ ਸਰਲ ਅੰਗ੍ਰੇਜ਼ੀ ਵਿੱਚ ਲਿਖੇ ਪਾਠ ਜੋ ਕੁੱਝ ਲੰਬੇ ਅਤੇ ਕੁੱਝ ਔਖੇ ਹੋਣ, ਉਹਨਾਂ ਵਿੱਚ ਮੁੱਖ ਮੁੱਦਿਆਂ, ਮੁੱਖ ਭਾਵਾਂ ਅਤੇ ਜ਼ਰੂਰੀ ਵਿਵਰਣ ਨੂੰ ਸਮਝਦੇ ਹੋ। ਤੁਸੀਂ ਪੂਰੇ ਪੈਰੇਗਰਾਫ ਵਿੱਚ ਜਾਣਕਾਰੀ ਨੂੰ ਲੱਭਦੇ ਹੋ ਅਤੇ ਉਸਨੂੰ ਜੋੜਦੇ ਹੋ। ਜ਼ਿਆਦਾ ਕਾਲਪਨਿਕ ਅਤੇ ਸੰਕਲਪਾਤਮ ਵਿਸ਼ਿਆਂ ਬਾਰੇ ਵਿੱਚ ਪਾਠ ਵਿੱਚ ਲੁਕੇ ਹੋਏ ਅਰਥ ਅਤੇ ਲੇਖਕ ਦੇ ਇਰਾਦਿਆਂ ਨੂੰ ਸਮਝਦੇ ਹੋ। ਜ਼ਿਆਦਾ ਉੱਨਤ ਪਾਠਾਂ ਵਿੱਚ ਕਦੇ ਕਦੇ ਕੁੱਝ ਮੁਹਾਵਰਿਆਂ ਜਾਂ ਸੰਸਕ੍ਰਿਤਕ ਹਵਾਲੇ ਨੂੰ ਸਮਝਣ ਵਿੱਚ ਤੁਹਾਨੂੰ ਔਖਾ ਲੱਗ ਸਕਦਾ ਹੈ। | 8 | ਤੁਸੀਂ ਜਾਣੇ ਪਛਾਣੇ ਜਾਂ ਕਾਲਪਨਿਕ ਵਿਸ਼ਿਆਂ ਬਾਰੇ ਵਿਚਾਰ ਅਤੇ ਸਲਾਹ ਛੋਟੇ ਪੈਰਾਗਰਾਫ ਵਿੱਚ ਵਿਅਕਤ ਕਰਦੇ ਹੋ। ਛੋਟੇ ਲੇਖ ਵਿੱਚ ਤੁਸੀਂ ਵਾਕਾਂ ਨੂੰ ਜੋੜਦੇ ਹੋ ਅਤੇ ਮੁੱਖ ਮੁੱਦਿਆਂ ਲਈ ਸਮਰਥਨ ਪ੍ਰਦਾਨ ਕਰਦੇ ਹੋ। ਆਮ ਵਾਕ ਰਚਨਾ, ਵਿਆਕਰਣ ਅਤੇ ਸਪੈਲਿੰਗ ‘ਤੇ ਤੁਹਾਡਾ ਵਧੀਆ ਨਿਯੰਤਰਣ ਹੈ। ਤੁਸੀਂ ਉੱਨਤ ਸ਼ਬਦਾਵਲੀ ਅਤੇ ਵਿਆਕਰਣ ਦਾ ਉਪਯੋਗ ਕਰਦੇ ਹੋ। ਕਦੇ ਕਦੇ ਤੁਹਾਨੂੰ ਔਖੀ ਵਿਆਕਰਣ ਅਤੇ ਬਣਾਵਟ ਨਾਲ ਪਰੇਸ਼ਾਨੀ ਹੁੰਦੀ ਹੈ, ਪਰ ਤੁਹਾਡਾ ਸੰਦੇਸ਼ ਸਮਝਣ ਵਿੱਚ ਅਸਾਨ ਹੁੰਦਾ ਹੈ। |

ਵਧੇਰੇ ਜਾਣਕਾਰੀ ਲਈ ਦੇਖੋ : www.language.ca

Centre for Canadian Language Benchmarks
Citizenship and Immigration Canada
Citoyenneté et Immigration Canada
Ontario